ਐਸ.ਏ.ਐਸ ਨਗਰ ਅਜੀਤ
ਅਜੀਤ ਚੰਡੀਗੜ੍ਹ
ਮੰਗਲਵਾਰ, 4 ਜਨਵਰੀ, 2022



# ਜ਼ਿਲ੍ਹੇ 'ਚ 15-18 ਉਮਰ ਵਰਗ ਲਈ ਟੀਕਾਕਰਨ ਸ਼ੁਰੂ

## ਸਿਵਲ ਸਰਜਨ ਨੇ ਜ਼ਿਲ੍ਹਾ ਹਸਪਤਾਲ ਤੋਂ ਮੁਹਿੰਮ ਦੀ ਕਰਵਾਈ ਸ਼ੁਰੂਆਤ

ਐੱਸ. ਏ. ਐੱਸ. ਨਗਰ, 3 ਜਨਵਰੀ (ਕੇ. ਐੱਸ. ਰਾਣਾ)-ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ 'ਚ 15 ਤੋਂ 18 ਸਾਲ ਦੇ ਲੜਕੇ-ਲੜਕੀਆਂ ਲਈ ਕੋਵਿਡ ਰੋਕੂ ਟੀਕਾਕਰਨ ਦੀ ਮੁਹਿੰਮ ਸ਼ੁਰੂ ਹੋ ਗਈ, ਜਿਸ ਦੇ ਚਲਦਿਆਂ ਸਿਵਲ ਸਰਜਨ ਮੁਹਾਲੀ ਡਾ. ਆਦਰਸ਼ਪਾਲ ਕੌਰ ਵਲੋਂ ਅੱਜ ਸਵੇਰੇ ਜ਼ਿਲ੍ਹਾ ਹਸਪਤਾਲ ਤੋਂ ਇਸ ਮੁਹਿੰਮ ਦਾ ਆਗ਼ਾਜ਼ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਅਤੇ ਸੀਨੀਅਰ ਸਿਹਤ ਅਧਿਕਾਰੀਆਂ ਦੀ ਮੌਜੂਦਗੀ 'ਚ ਸਭ ਤੋਂ ਪਹਿਲਾਂ 17 ਸਾਲਾ ਮੇਹਰ ਕਪੂਰ, 16 ਸਾਲਾ ਗੀਤਇੰਦਰਦੀਪ ਕੌਰ ਤੇ 16 ਸਾਲਾ ਦੇਵਵੀਰ ਸਿੰਘ ਦਾ ਟੀਕਾਕਰਨ ਕੀਤਾ ਗਿਆ। ਇਸ ਮੌਕੇ ਡਾ. ਆਦਰਸ਼ਪਾਲ ਕੌਰ ਨੇ ਦੱਸਿਆ ਕਿ ਜ਼ਿਲ੍ਹੇ 'ਚ 15 ਤੋਂ 18 ਸਾਲ ਤੱਕ ਦੇ ਲਗਪਗ 67 ਹਜ਼ਾਰ ਨੌਜਵਾਨਾਂ ਨੂੰ ਕੋਵਿਡ-ਰੋਕੂ ਟੀਕਾ ਲਗਾਏ ਜਾਣ ਦਾ ਟੀਚਾ ਮਿੱਥਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਉਮਰ ਸਮੂਹ ਨੂੰ ਫ਼ਿਲਹਾਲ ਸਿਰਫ਼ ਕੋਵੈਕਸੀਨ ਦੀ ਖ਼ੁਰਾਕ ਦਿੱਤੀ ਜਾ ਰਹੀ ਹੈ ਤੇ ਇਸ ਉਮਰ ਸਮੂਹ ਲਈ ਵੱਖਰੇ ਟੀਕਾਕਰਨ ਕੇਂਦਰ ਬਣਾਏ ਗਏ ਹਨ ਤਾਂ ਕਿ ਟੀਕਾਕਰਨ ਦਾ ਅਮਲ ਬਾਕੀਆਂ ਨਾਲ ਰਲ-ਗੱਡ ਨਾ ਹੋਵੇ। ਸਿਵਲ ਸਰਜਨ ਨੇ ਬਾਅਦ ਵਿਚ ਫੇਜ਼-3ਬੀ1 ਵਿਚਲੇ ਸਰਕਾਰੀ ਸਕੂਲ ਵਿਖੇ ਜਾ ਕੇ ਵਿਦਿਆਰਥੀਆਂ ਲਈ ਚੱਲ ਰਹੀ ਕੋਵਿਡ ਟੀਕਾਕਰਨ ਮੁਹਿੰਮ ਦਾ ਜਾਇਜ਼ਾ ਲਿਆ। ਕੋਵਿਡ ਮਹਾਂਮਾਰੀ ਦੀ ਸੰਭਾਵੀ ਤੀਜੀ ਲਹਿਰ ਬਾਰੇ ਗੱਲ ਕਰਦਿਆਂ ਸਿਵਲ ਸਰਜਨ ਨੇ ਕਿਹਾ ਕਿ ਰੋਜ਼ਾਨ ਵੱਧ ਰਹੇ ਕੋਵਿਡ ਮਾਮਲਿਆਂ ਨੂੰ ਵੇਖਦਿਆਂ ਹਰ ਕਿਸੇ ਨੂੰ ਪੂਰੀ ਸਾਵਧਾਨੀ ਵਰਤਣ ਦੀ ਲੋੜ ਹੈ। ਇਸ ਮੌਕੇ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਭਵਨੀਤ ਭਾਰਤੀ, ਸਹਾਇਕ ਸਿਵਲ ਸਰਜਨ ਡਾ. ਰੇਨੂੰ ਸਿੰਘ, ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ, ਐਸ. ਐਮ. ਓ. ਡਾ. ਵਿਜੇ ਭਗਤ, ਡਾ. ਐਚ. ਐਸ. ਚੀਮਾ, ਡਾ. ਅਲਕਜੋਤ ਕੌਰ, ਡਾ. ਪਰਮਿੰਦਰ ਸਿੰਘ, ਡਾ. ਸੰਦੀਪ ਸਿੰਘ, ਡਾ. ਤਰਨਜੋਤ ਕੌਰ ਤੇ ਡਾ. ਬਬਨਦੀਪ ਕੌਰ ਤੋਂ ਇਲਾਵਾ ਹੋਰ ਸਿਹਤ ਅਧਿਕਾਰੀ ਵੀ ਹਾਜ਼ਰ ਸਨ।



ਜ਼ਿਲ੍ਹਾ ਹਸਪਤਾਲ ਵਿਖੇ ਨੌਜਵਾਨਾਂ ਲਈ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਕਰਵਾਉਂਦੇ ਹੋਏ ਸਿਵਲ ਸਰਜਨ ਮੁਹਾਲੀ ਡਾ. ਆਦਰਸ਼ਪਾਲ ਕੌਰ ਤੇ ਹੋਰ ਸਿਹਤ ਅਧਿਕਾਰੀ। ਤਸਵੀਰ : ਵਰਿੰਦਰਜੀਤ ਸਿੰਘ





ਬੱਸ ਅੱਡਾ ਖਰੜ ਨੇੜੇ ਹਾਈਵੇ 'ਤੇ ਰੋਸ ਧਰਨਾ ਦੇ ਕੇ ਕਾਂਗਰਸ ਪ੍ਰਧਾਨ ਦੀ ਅਰਥੀ ਫੂਕਦੇ ਹੋਏ ਧਰਨਾਕਾਰੀ। (ਸੱਜੇ) ਧਰਨੇ ਦੌਰਾਨ ਟਰੈਕਟਰ 'ਤੇ ਚੜ੍ਹ ਕੇ ਨੌਜਵਾਨ ਹੁਲੜਬਾਜ਼ੀ ਕਰਦੇ ਹੋਏ। ਤਸਵੀਰਾਂ : ਗੁਰਮੁੱਖ ਸਿੰਘ ਮਾਨ

# ਖਰੜ 'ਚ ਵੱਖ-ਵੱਖ ਸੰਗਠਨਾਂ ਨੇ ਕਾਂਗਰਸ ਪ੍ਰਧਾਨ ਦੀ ਅਰਥੀ ਫੂਕੀ ਤੇ ਖਰੜ-ਚੰਡੀਗੜ੍ਹ ਹਾਈਵੇ ਕੀਤਾ ਜਾਮ

ਖਰੜ, 3 ਜਨਵਰੀ (ਗੁਰਮੁੱਖ ਸਿੰਘ ਮਾਨ)-ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਪਿਛਲੇ ਦਿਨੀਂ ਇਕ ਸਮਾਗਮ 'ਚ ਗੁੱਗਾ ਜ਼ਾਹਰ ਪੀਰ ਜੀ ਦੇ ਖ਼ਿਲਾਫ਼ ਵਰਤੀ ਗਲਤ ਸ਼ਬਦਾਵਲੀ ਦੇ ਰੋਸ ਵਜੋਂ ਵੱਖ-ਵੱਖ ਸੰਗਠਨਾਂ, ਗੁੱਗਾ ਜ਼ਾਹਰ ਪੀਰ ਜੀ ਦੇ ਸੇਵਾਦਾਰ ਤੇ ਸ਼ਰਧਾਲੂਆਂ ਵਲੋਂ ਰੋਸ ਪ੍ਰਦਰਸ਼ਨ ਕਰਦੇ ਹੋਏ ਬੱਸ ਅੱਡਾ ਖਰੜ ਟੀ-ਪੁਆਇੰਟ 'ਤੇ ਰੋਸ ਧਰਨਾ ਦਿੰਦੇ ਹੋਏ ਖਰੜ-ਚੰਡੀਗੜ੍ਹ ਤੇ ਖਰੜ-ਬਨੂੜ ਹਾਈਵੇ ਜਾਮ ਕਰਦੇ ਹੋਏ ਅਰਥੀ ਫੂਕੀ ਗਈ ਅਤੇ ਨਵਜੋਤ ਸਿੰਘ ਸਿੱਧੂ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਹਾਈਵੇ 'ਤੇ ਰੋਸ ਧਰਨਾ ਦੇਣ ਕਾਰਨ ਸੜਕਾਂ 'ਤੇ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗ ਗਈਆਂ। ਇਸ ਤੋਂ ਪਹਿਲਾਂ ਆਰਮੀ ਗਰਾਊਂਡ 'ਚ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਸੁਖਵਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਸਿੱਧੂ ਨੂੰ ਕਾਂਗਰਸ ਪਾਰਟੀ ਨੂੰ ਬਾਹਰ ਕੱਢਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਧਾਰਮਿਕ ਭਾਵਨਾਵਾਂ ਭੜਕਾਉਣ ਲਈ ਗਲਤ ਸ਼ਬਦਾਵਲੀ ਵਰਤੀ ਗਈ। ਰਾਣਾ ਭਾਨੂੰ ਪ੍ਰਤਾਪ ਨੇ ਕਿਹਾ ਕਿ ਕਿਸਾਨਾਂ ਨੇ ਵੱਡਾ ਸੰਘਰਸ਼ ਕਰਕੇ ਆਪਣੀ ਜਿੱਤ ਪ੍ਰਾਪਤ ਕੀਤੀ ਹੈ ਤਾਂ ਸਾਨੂੰ ਵੀ ਇਸ ਮਾਮਲੇ ਤੇ ਇਕੱਠੇ ਹੋਏ ਕਾਂਗਰਸ ਪ੍ਰਧਾਨ ਦੀ ਕੋਠੀ ਘੇਰਨਾ ਜਾਂ ਹੋਰ ਸਖ਼ਤ ਐਕਸ਼ਨ ਲੈਣਾ ਪਵੇਗਾ। ਇਸ ਮੌਕੇ ਚੌਧਰੀ ਸੰਦੀਪ ਰਾਣਾ ਝੰਜੇੜੀ ਨੇ ਕਿਹਾ ਕਿ ਜੇਕਰ ਨਵਜੋਤ ਸਿੰਘ ਸਿੱਧੂ ਨੇ ਦੋ ਦਿਨਾਂ 'ਚ ਮੁਆਫ਼ੀ ਨਾ ਮੰਗੀ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਨਰਿੰਦਰ ਸਿੰਘ ਰਾਣਾ, ਜਸਬੀਰ ਸਿੰਘ ਜੋਨੀ ਰਾਣਾ ਕੌਂਸਲਰ, ਜਗਦੀਪ ਸਿੰਘ ਔਜਲਾ, ਦੀਪਕ ਚੋਲਟਾ, ਕੁਸ਼ ਰਾਣਾ, ਕੌਂਸਲਰ ਜਸਬੀਰ ਸਿੰਘ ਬਡਾਲੀ, ਵਿਸੰਬਰ ਰਾਣਾ, ਮਨਵੀਰ ਸਿੰਘ, ਹਰਪਾਲ ਸਿੰਘ, ਸੰਜੀਵ ਰਾਣਾ, ਦਿਲਬਾਗ ਸਿੰਘ, ਪਰਮਜੀਤ ਸਿੰਘ ਰਾਣਾ, ਜਤਿੰਦਰ ਰਾਣਾ, ਵਿਸ਼ਾਲ ਰਾਣਾ, ਸ਼ਰਮੀਲਾ ਠਾਕੁਰ, ਗੌਰਵ ਰਾਣਾ, ਰਾਜ ਕੁਮਾਰ, ਰਾਮ ਗੋਪਾਲ, ਰਵੀ ਰਾਣਾ, ਬਿੱਲੂ ਰਾਣਾ, ਅਰਮਾਨ, ਅਨੀਕੇਤ, ਵਿੱਕੀ, ਦੇਵੀ, ਸੰਜੂ ਭਗਤ ਤੇ ਵਿਜੇ ਸਮੇਤ ਹੋਰ ਸੇਵਾਦਾਰ ਅਤੇ ਸ਼ਰਧਾਲੂ ਹਾਜ਼ਰ ਸਨ।

*ਹਾਈਵੇ ਜਾਮ ਦੌਰਾਨ ਕਈ ਨੌਜਵਾਨਾਂ ਵਲੋਂ ਕਥਿਤ ਤੌਰ 'ਤੇ ਹੁਲੜਬਾਜ਼ੀ ਕੀਤੀ ਤੇ ਜਬਰਦਸਤੀ ਵਾਹਨਾਂ ਨੂੰ ਰੋਕਿਆ ਗਿਆ ਤੇ ਟਰੈਕਟਰ 'ਤੇ ਚੜ੍ਹ ਕੇ ਟੀ-ਪੁਆਇੰਟ 'ਤੇ ਘੁਮਾਇਆ ਗਿਆ ਜਦ ਕਿ ਧਾਰਮਿਕ ਭਾਵਨਾਵਾਂ ਨੂੰ ਲੈ ਕੇ ਇਹ ਰੋਸ ਧਰਨਾ ਤੇ ਪ੍ਰਦਰਸ਼ਨ ਕੀਤਾ ਗਿਆ ਸੀ ਪਰ ਜਿਸ ਤਰ੍ਹਾਂ ਹੁੱਲੜਬਾਜ਼ੀ ਕੀਤੀ ਜਾ ਰਹੀ ਸੀ ਉਹ ਸੋਭਾ ਨਹੀਂ ਦਿੰਦੀ।*

# ਮੁਹਾਲੀ ਤੋਂ ਕਾਂਗਰਸ ਦੀ ਟਿਕਟ 'ਤੇ ਹੀ ਵਿਧਾਨ ਸਭਾ ਚੋਣ ਲੜਾਂਗਾ-ਵਿਧਾਇਕ ਸਿੱਧੂ

## ਅਮਿਤ ਸ਼ਾਹ ਨਾਲ ਮੀਟਿੰਗ ਸੰਬੰਧੀ ਪਾਈ ਪੋਸਟ ਨੂੰ ਗੁੰਮਰਾਹਕੁੰਨ ਦੱਸਦਿਆਂ ਸਿਰੇ ਤੋਂ ਨਕਾਰਿਆ

ਐੱਸ. ਏ. ਐੱਸ. ਨਗਰ, 3 ਜਨਵਰੀ (ਕੇ. ਐੱਸ. ਰਾਣਾ)-ਸਾਬਕਾ ਸਿਹਤ ਮੰਤਰੀ ਤੇ ਹਲਕਾ ਵਿਧਾਇਕ ਮੁਹਾਲੀ ਬਲਬੀਰ ਸਿੰਘ ਸਿੱਧੂ ਨੇ ਅੱਜ ਮੁਹਾਲੀ ਵਿਖੇ ਸੱਦੇ ਗਏ ਪੱਤਰਕਾਰ ਸੰਮੇਲਨ ਦੌਰਾਨ ਐਲਾਨ ਕੀਤਾ ਕਿ ਉਹ ਸ਼ੁਰੂ ਤੋਂ ਕਾਂਗਰਸੀ ਹਨ ਤੇ ਕਾਂਗਰਸ ਪਾਰਟੀ ਦੀ ਟਿਕਟ 'ਤੇ ਹੀ ਮੁਹਾਲੀ ਵਿਧਾਨ ਸਭਾ ਹਲਕੇ ਤੋਂ ਚੋਣ ਲੜਨਗੇ। ਇਸ ਦੇ ਨਾਲ ਹੀ ਵਿਧਾਇਕ ਸਿੱਧੂ ਨੇ ਉਨ੍ਹਾਂ ਤਮਾਮ ਕਿਆਸਰਾਈਆਂ ਨੂੰ ਠੱਲ੍ਹ ਪਾ ਦਿੱਤੀ ਹੈ, ਜਿਨ੍ਹਾਂ 'ਚ ਕਿਹਾ ਜਾ ਰਿਹਾ ਸੀ ਕਿ ਉਹ ਕੈਪਟਨ ਧੜੇ ਨਾਲ ਜਾ ਸਕਦੇ ਹਨ ਜਾਂ ਭਾਜਪਾ 'ਚ ਜਾ ਸਕਦੇ ਹਨ। ਇਸ ਮੌਕੇ ਮੁਹਾਲੀ ਨਗਰ ਨਿਗਮ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਜ਼ਿਲ੍ਹਾ ਮੁਹਾਲੀ ਕਾਂਗਰਸ ਕਮੇਟੀ ਦੇ ਪ੍ਰਧਾਨ ਰਿਸ਼ਵ ਜੈਨ, ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ, ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਤੇ ਖਰੜ ਮਾਰਕੀਟ ਕਮੇਟੀ ਦੇ ਚੇਅਰਮੈਨ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਵਿਧਾਇਕ ਸਿੱਧੂ ਨੇ ਕਿਹਾ ਕਿ ਸਾਬਕਾ ਮੇਅਰ ਕੁਲਵੰਤ ਸਿੰਘ ਸਮੇਤ ਕੁਝ ਲੋਕ ਖਾਸ ਤੌਰ 'ਤੇ ਉਨ੍ਹਾਂ ਖ਼ਿਲਾਫ਼ ਗੁੰਮਰਾਹਕੁੰਨ ਪ੍ਰਚਾਰ ਕਰ ਰਹੇ ਹਨ ਤੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਾਇਰਲ ਕੀਤੀ ਗਈ ਹੈ ਜਿਸ 'ਚ ਕਿਹਾ ਗਿਆ ਹੈ ਕਿ ਉਨ੍ਹਾਂ (ਵਿਧਾਇਕ ਸਿੱਧੂ) ਨੇ ਅਮਿਤ ਸ਼ਾਹ ਨਾਲ ਮੀਟਿੰਗ ਕਰਕੇ ਦੋ ਵਿਧਾਇਕਾਂ ਤੇ ਇਕ ਐਮ. ਪੀ. ਦੀ ਟਿਕਟ ਮੰਗੀ ਹੈ ਜੋ ਕਿ ਪੂਰੀ ਤਰ੍ਹਾਂ ਗੁੰਮਰਾਹਕੁੰਨ ਅਤੇ ਝੂਠੀ ਪੋਸਟ ਹੈ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਪਾਰਟੀ ਦੇ ਵਫ਼ਾਦਾਰ ਸਿਪਾਹੀ ਹਨ ਤੇ ਕਾਂਗਰਸ ਦੇ ਨਾਲ ਹੀ ਰਹਿਣਗੇ। ਉਨ੍ਹਾਂ ਕਿਹਾ ਕਿ ਕੁਲਵੰਤ ਸਿੰਘ ਮੌਕੇ ਅਨੁਸਾਰ ਪਾਰਟੀਆਂ ਬਦਲਣ ਦਾ ਆਦੀ ਹੈ, ਜੋ ਕਿ ਪਹਿਲਾਂ ਅਕਾਲੀ ਦਲ ਤੇ ਕਾਂਗਰਸ ਦੇ ਸਹਿਯੋਗ ਨਾਲ ਮੁਹਾਲੀ ਨਗਰ ਨਿਗਮ ਦਾ ਪ੍ਰਧਾਨ ਬਣਿਆ ਤੇ ਫਿਰ ਅਕਾਲੀ ਦਲ ਨੂੰ ਛੱਡ ਕੇ ਆਜ਼ਾਦ ਗਰੁੱਪ ਬਣਾ ਕੇ ਨਿਗਮ ਚੋਣ ਲੜੀਆਂ ਤੇ ਉਸੇ ਕਾਂਗਰਸ ਪਾਰਟੀ ਨੂੰ ਧੋਖਾ ਦਿੱਤਾ, ਜਿਸ ਨੇ ਉਸ ਨੂੰ ਮੇਅਰ ਬਣਾਇਆ ਸੀ, ਉਪਰੰਤ ਉਹ ਮੁੜ ਅਕਾਲੀ ਦਲ 'ਚ ਸ਼ਾਮਿਲ ਹੋ ਗਿਆ ਤੇ 2021 ਦੀਆਂ ਨਗਰ ਨਿਗਮ ਚੋਣਾਂ 'ਚ ਮੁੜ ਅਕਾਲੀ ਦਲ ਨੂੰ ਧੋਖਾ ਦੇ ਕੇ ਆਜ਼ਾਦ ਗਰੁੱਪ ਬਣਾ ਕੇ ਚੋਣਾਂ ਲੜੀਆਂ। ਉਨ੍ਹਾਂ ਕੇਜਰੀਵਾਲ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਕੇਜਰੀਵਾਲ ਨੇ ਚੰਡੀਗੜ੍ਹ ਦੇ ਕੌਂਸਲਰਾਂ ਤੋਂ ਸਹੁੰ ਚੁਕਵਾਈ ਹੈ ਕਿ ਉਹ 'ਆਪ' ਨੂੰ ਛੱਡ ਕੇ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਕੇਜਰੀਵਾਲ ਹਲਕਾ ਮੁਹਾਲੀ ਤੋਂ 'ਆਪ' ਦੇ ਉਮੀਦਵਾਰ ਕੁਲਵੰਤ ਸਿੰਘ ਤੋਂ ਵੀ ਪੁੱਛ ਲੈਣ ਕੇ ਉਹ ਸਹੁੰ ਚੁੱਕ ਕੇ ਮੁਕਰੇਗਾ ਤਾਂ ਨਹੀਂ।



ਮੁਹਾਲੀ ਵਿਖੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਸਿਹਤ ਮੰਤਰੀ ਤੇ ਹਲਕਾ ਵਿਧਾਇਕ ਬਲਬੀਰ ਸਿੰਘ ਸਿੱਧੂ। ਤਸਵੀਰ : ਵਰਿੰਦਰਜੀਤ ਸਿੰਘ

# ਨਾਬਾਲਗ ਲੜਕੀ ਨਾਲ ਜਬਰ ਜਨਾਹ ਦੀ 0 ਐਫ.ਆਈ.ਆਰ. ਦਰਜ ਕਰਨ ਉਪਰੰਤ ਕੇਸ ਬਿਹਾਰ ਪੁਲਿਸ ਨੂੰ ਕੀਤਾ ਟਰਾਂਸਫਰ

## ਪੀੜਤਾ ਨੇ ਬੱਚੇ ਨੂੰ ਦਿੱਤਾ ਜਨਮ, ਅਣਪਛਾਤੇ ਨੌਜਵਾਨ ਖ਼ਿਲਾਫ਼ ਮਾਮਲਾ ਦਰਜ

ਐੱਸ. ਏ. ਐੱਸ. ਨਗਰ, 3 ਜਨਵਰੀ (ਜਸਬੀਰ ਸਿੰਘ ਜੱਸੀ)-ਥਾਣਾ ਸੋਹਾਣਾ ਦੀ ਪੁਲਿਸ ਨੇ 16 ਸਾਲ ਦੀ ਇਕ ਲੜਕੀ ਨਾਲ ਜਬਰ ਜਨਾਹ ਕਰਨ ਤੇ ਪੀੜਤਾ ਨੂੰ ਗਰਭਵਤੀ ਕਰਨ ਦੇ ਦੋਸ਼ਾਂ ਤਹਿਤ ਇਕ ਅਣਪਛਾਤੇ ਨੌਜਵਾਨ ਖ਼ਿਲਾਫ਼ ਧਾਰਾ-376 ਅਤੇ ਪੋਕਸੋ ਐਕਟ ਦੇ ਤਹਿਤ 0 ਐਫ. ਆਈ. ਆਰ. ਦਰਜ ਕਰ ਕੇ ਬਿਹਾਰ ਪੁਲਿਸ ਦੇ ਥਾਣਾ ਕੋਇਲਬਰ ਜ਼ਿਲ੍ਹਾ ਭੋਜਪੁਰ ਨੂੰ ਅਗਲੀ ਕਾਰਵਾਈ ਕਰਨ ਲਈ ਟਰਾਂਸਫਰ ਕਰ ਦਿੱਤੀ ਹੈ। ਓਧਰ ਪੀੜਤ ਲੜਕੀ ਨੇ ਗਰਭਵਤੀ ਹੋਣ ਤੋਂ ਬਾਅਦ ਇਕ ਬੱਚੇ ਨੂੰ ਵੀ ਜਨਮ ਦਿੱਤਾ ਹੈ। ਜਾਣਕਾਰੀ ਅਨੁਸਾਰ ਪੀੜਤਾ ਨੇ ਪੁਲਿਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਹ ਬਿਹਾਰ ਦੀ ਰਹਿਣ ਵਾਲੀ ਹੈ ਤੇ ਮਈ ਮਹੀਨੇ 'ਚ ਉਹ ਆਪਣੀ ਨਾਨੀ ਦੇ ਨਾਲ ਮੁਹਾਲੀ ਆ ਗਈ ਸੀ। ਇਸ ਤੋਂ ਪਹਿਲਾਂ ਮਾਰਚ ਮਹੀਨੇ 'ਚ ਉਹ ਆਪਣੇ ਪਿੰਡ ਦੇ ਖੇਤਾਂ 'ਚ ਕੰਮ ਕਰ ਰਹੇ ਦਿਹਾੜੀਦਾਰਾਂ ਨੂੰ ਰੋਟੀ ਦੇਣ ਗਈ ਸੀ। ਇਸ ਦੌਰਾਨ ਉਸ ਨੂੰ ਖੇਤਾਂ 'ਚ ਕੰਮ ਕਰਦਾ ਇਕ ਨੌਜਵਾਨ ਮਿਲਿਆ, ਜਿਸ ਨੂੰ ਉਹ ਨਹੀਂ ਜਾਣਦੀ, ਉਸ ਨਾਲ ਉਸ ਨੇ ਗੱਲਾਬਾਤਾਂ ਕੀਤੀਆਂ ਤੇ ਉਹ ਘਰ ਚਲੀ ਗਈ। ਅਗਲੇ ਦਿਨ ਉਹ ਮੁੜ ਦਿਹਾੜੀਦਾਰਾਂ ਨੂੰ ਰੋਟੀ ਦੇਣ ਲਈ ਖੇਤਾਂ 'ਚ ਗਈ ਤਾਂ ਮੁੜ ਉਕਤ ਨਾ-ਮਾਲੂਮ ਨੌਜਵਾਨ ਮਿਲਿਆ ਤੇ ਉਸ ਨੂੰ ਗੱਲਾਂ 'ਚ ਫੁਸਲਾ ਕੇ ਖੇਤ 'ਚ ਲੈ ਗਿਆ, ਜਿਥੇ ਉਸ ਦੀ ਮਰਜ਼ੀ ਤੋਂ ਬਿਨਾਂ ਉਕਤ ਨੌਜਵਾਨ ਨੇ ਸਰੀਰਕ ਸੰਬੰਧ ਬਣਾਏ। ਉਹ ਡਰ ਗਈ ਸੀ ਤੇ ਇਸ ਘਟਨਾ ਸੰਬੰਧੀ ਉਸ ਨੇ ਕਿਸੇ ਨਾਲ ਵੀ ਜ਼ਿਕਰ ਨਹੀਂ ਕੀਤਾ। ਮਈ ਮਹੀਨੇ 'ਚ ਉਸ ਦੀ ਨਾਨੀ ਜਦੋਂ ਮੁਹਾਲੀ ਆਈ ਤਾਂ ਉਸ ਨੂੰ ਵੀ ਆਪਣੇ ਨਾਲ ਮੁਹਾਲੀ ਲੈ ਆਈ। ਮੁਹਾਲੀ ਵਿਖੇ ਰਹਿੰਦਿਆਂ ਉਸ ਦੇ ਇਕ ਦਿਨ ਪੇਟ 'ਚ ਬਹੁਤ ਦਰਦ ਹੋਇਆ ਤਾਂ ਉਸ ਨੂੰ ਚੰਡੀਗੜ੍ਹ ਦੇ ਇਕ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਸ ਨੂੰ ਗਰਭਵਤੀ ਦੱਸਿਆ। ਪੀੜਤਾ ਮੁਤਾਬਕ ਹਸਪਤਾਲ ਵਲੋਂ ਉਸ ਨੂੰ ਦਾਖਲ ਕਰ ਲਿਆ ਗਿਆ ਤੇ ਉਸ ਨੇ ਇਕ ਬੱਚੇ (ਲੜਕੇ) ਨੂੰ ਜਨਮ ਦਿੱਤਾ, ਜੋ ਕਿ ਤੰਦਰੁਸਤ ਹੈ। ਮੁਹਾਲੀ ਪੁਲਿਸ ਨੇ ਉਕਤ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਤੁਰੰਤ ਐਫ. ਆਈ. ਆਰ. ਦਰਜ ਕਰਨ ਤੋਂ ਬਾਅਦ ਬਿਹਾਰ ਪੁਲਿਸ ਦੇ ਸੰਬੰਧਿਤ ਥਾਣੇ ਨੂੰ ਸੂਚਨਾ ਦੇ ਦਿੱਤੀ ਹੈ।

# ਰਾਮ ਤਲਾਈ ਦਾ ਖ਼ਰਚਾ ਜਨਤਕ ਨਾ ਕਰਨ 'ਤੇ ਜੈਕ ਦੇ ਨੁਮਾਇੰਦਿਆਂ ਵਲੋਂ ਧਰਨਾ ਦੇਣ ਦੀ ਚਿਤਾਵਨੀ

ਡੇਰਾਬੱਸੀ, 3 ਜਨਵਰੀ (ਗੁਰਮੀਤ ਸਿੰਘ)-ਡੇਰਾਬੱਸੀ ਵਿਖੇ ਰਾਮ ਤਲਾਈ ਦੇ ਨਿਰਮਾਣ ਨੂੰ ਲੈ ਕੇ ਚੱਲ ਰਿਹਾ ਵਿਵਾਦ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਕਾਂਗਰਸੀ ਆਗੂ ਤੇ ਨਗਰ ਕੌਂਸਲ ਪ੍ਰਧਾਨ ਸਮੇਤ ਰਾਮ ਤਲਾਈ ਸੁੰਦਰੀਕਰਨ ਕਮੇਟੀ ਵਲੋਂ ਦਾਅਵਾ ਕੀਤਾ ਗਿਆ ਸੀ ਕਿ ਉਕਤ ਅਸਥਾਨ ਦੇ ਸੁੰਦਰੀਕਰਨ 'ਤੇ ਕਰੀਬ 1 ਕਰੋੜ ਰੁ. ਦਾ ਖ਼ਰਚਾ ਆਇਆ ਹੈ, ਜਦ ਕਿ ਦੂਜੇ ਪਾਸੇ ਰੈਜ਼ੀਡੈਂਟਸ ਵੈੱਲਫ਼ੇਅਰ ਐਸੋਸੀਏਸ਼ਨ ਜੈਕ ਦਾਅਵਾ ਕਰ ਰਹੀ ਹੈ ਕਿ ਰਾਮ ਤਲਾਈ ਦੇ ਨਿਰਮਾਣ ਦੌਰਾਨ ਵੱਡਾ ਘਪਲਾ ਹੋਇਆ ਹੈ ਤੇ ਇਸ 'ਤੇ ਹੋਏ ਖ਼ਰਚੇ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਹੈ। ਇਸ ਸੰਬੰਧੀ ਜੈਕ ਦੇ ਪ੍ਰਧਾਨ ਸੁਖਦੇਵ ਚੌਧਰੀ ਨੇ ਚਿਤਵਾਨੀ ਦਿੰਦੇ ਹੋਏ ਕਿਹਾ ਕਿ ਜੇਕਰ ਇਕ ਹਫ਼ਤੇ ਦੇ ਅੰਦਰ ਇਸ ਪ੍ਰਾਜੈਕਟ ਦੀ ਆਮਦਨ ਤੇ ਖ਼ਰਚੇ ਦਾ ਹਿਸਾਬ ਜਨਤਕ ਨਹੀਂ ਕੀਤਾ ਗਿਆ ਤਾਂ ਰਾਮ ਤਲਾਈ ਦੇ ਅੱਗੇ ਸ਼ਾਂਤਮਈ ਧਰਨਾ ਦੇ ਕੇ ਸ਼ਹਿਰ ਵਾਸੀਆਂ ਨੂੰ ਸੱਤਾ ਧਿਰ ਦੇ ਨੁਮਾਇੰਦਿਆਂ ਦੀ ਕਾਰਗੁਜਾਰੀ ਤੋਂ ਜਾਣੂ ਕਰਵਾਇਆ ਜਾਵੇਗਾ। ਜੈਕ ਦੇ ਪ੍ਰਧਾਨ ਸੁਖਦੇਵ ਚੌਧਰੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ 'ਚ ਐਚ. ਐਸ. ਚੀਮਾ, ਪੀ. ਅਵਸਥੀ, ਰਵੀ ਸ਼ਰਮਾ, ਰਮਨ ਖੋਸਲਾ, ਅਮਿਤ ਚੌਹਾਨ, ਰੂਪ ਲਾਲ ਅਤੇ ਵਿਜੈ ਸੇਠੀ ਸਮੇਤ ਕਈ ਲੋਕਾਂ ਨੇ ਭਾਗ ਲਿਆ। ਚੌਧਰੀ ਨੇ ਦਾਅਵਾ ਕੀਤਾ ਕਿ ਧਰਮ ਦੇ ਨਾਂਅ 'ਤੇ ਹੋਏ ਇਸ ਫ਼ਰਜੀਵਾੜੇ ਨੂੰ ਲੈ ਕੇ ਜੈਕ ਵਲੋਂ ਮੁੱਦਾ ਉੱਠਾਏ ਜਾਣ ਤੋਂ ਬਾਅਦ ਕਾਂਗਰਸ ਦੇ ਹਲਕਾ ਇੰਚਾਰਜ ਦੀ ਟੀਮ ਵਲੋਂ ਪੁਰਾਣੀਆਂ ਤਰੀਕਾਂ ਵਿਚ ਬਿੱਲ ਇਕੱਠੇ ਕੀਤੇ ਜਾ ਰਹੇ ਹਨ ਕਿਉਂਕਿ ਲੱਖਾਂ ਦਾ ਇਹ ਘਪਲਾ ਕੇਵਲ ਹਵਾ ਹਵਾਈ ਦਾਅਵਿਆਂ 'ਚ ਹੋਇਆ ਹੈ। ਦੂਜੇ ਪਾਸੇ ਨਗਰ ਕੌਂਸਲ ਪ੍ਰਧਾਨ ਰਣਜੀਤ ਸਿੰਘ ਰੈਡੀ ਨੇ ਕਿਹਾ ਕਿ ਕੁਝ ਲੋਕ ਧਰਮ ਦੀ ਆੜ 'ਚ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਦੀ ਸ਼ਾਖ ਨੂੰ ਖ਼ਰਾਬ ਕਰਨ ਦੀਆਂ ਕੋਸ਼ੀਆਂ ਚਾਲਾਂ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਰਾਮ ਤਲਾਈ ਸੁੰਦਰੀਕਰਨ ਕਮੇਟੀ ਕੋਲ ਸਾਰਾ ਹਿਸਾਬ ਮੌਜੂਦ ਹੈ, ਜੋ ਕਿ ਸਮਾਂ ਆਉਣ 'ਤੇ ਜਨਤਕ ਕਰ ਦਿੱਤਾ ਜਾਵੇਗਾ।

(Established by State Government Act 32 of 2013 u/s 2 (f) of UGC Act 1956)
Tantia University
SRI GANGANAGAR (RAJASTHAN)
Excellence Innovation Achievement
MEDICAL SCIENCE M.B.B.S.
VETERINARY SCIENCE B.V.Sc. & A.H.
AYURVEDA BAMS, M.D. (Ayurveda)
HOMOEOPATHY BHMS, M.D. (Homoeopathy)
*Admission For NEET Qualified & As Per Govt. Norms
-: OTHER COURSES :-
♦ M.Sc. Nursing ♦ B.Sc. Nursing ♦ Post Basic B.Sc. Nursing ♦ BPT ♦ MPT ♦ D.Pharmacy ♦ Ayurvedic Nursing ♦ BA LLB ♦ LLB ♦ LLM ♦ MA ♦ M.Ed. ♦ AHDP ♦ Ph.D
0154-2494125 | 94140-93087 | 94140-93083 | 94140-93082
TOLL FREE : 1800 123 1981
Email : admission@tantiauniversity.com | Visit us on : www.tantiauniversity.com

# 25 ਕਿੱਲੋ ਗਾਂਜੇ ਸਮੇਤ ਗ੍ਰਿਫ਼ਤਾਰ ਦੋਸ਼ੀ ਨੂੰ 10 ਸਾਲ ਦੀ ਕੈਦ, 1 ਲੱਖ ਜੁਰਮਾਨਾ

ਐੱਸ. ਏ. ਐੱਸ. ਨਗਰ, 3 ਜਨਵਰੀ (ਜਸਬੀਰ ਸਿੰਘ ਜੱਸੀ)-ਥਾਣਾ ਬਲੌਂਗੀ ਦੀ ਪੁਲਿਸ ਵਲੋਂ 25 ਕਿੱਲੋ ਗਾਂਜੇ ਸਮੇਤ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਦੇ ਮਾਮਲੇ 'ਚ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਦਵਿੰਦਰ ਕੁਮਾਰ ਗੁਪਤਾ ਦੀ ਅਦਾਲਤ ਵਲੋਂ ਸਰਕਾਰੀ ਧਿਰ ਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਰਾਜ ਦੇਵ ਗਿਰੀ ਵਾਸੀ ਕੁਰਾਲੀ ਨੂੰ ਦੋਸ਼ੀ ਕਰਾਰ ਦਿੰਦਿਆ ਐਨ. ਡੀ. ਪੀ. ਐਸ. ਐਕਟ ਦੇ ਦੋਸ਼ ਤਹਿਤ 10 ਸਾਲ ਦੀ ਕੈਦ ਤੇ 1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ, ਜਦ ਕਿ ਜੁਰਮਾਨਾ ਅਦਾ ਨਾ ਕਰਨ 'ਤੇ 1 ਸਾਲ ਕੈਦ ਹੋਰ ਕੱਟਣੀ ਪਵੇਗੀ। ਜਾਣਕਾਰੀ ਅਨੁਸਾਰ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਦੇ ਤਹਿਤ ਥਾਣਾ ਬਲੌਂਗੀ ਦੀ ਪੁਲਿਸ ਵਲੋਂ ਵੀ-ਆਰ ਪੰਜਾਬ ਦੇ ਕੋਲ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਕਿ ਇਕ ਵਿਅਕਤੀ ਜੋ ਕਿ ਬਿਹਾਰ ਤੋਂ ਗਾਂਜਾ ਲਿਆ ਕੇ ਇਸ ਇਲਾਕੇ 'ਚ ਵੇਚਦਾ ਹੈ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਰਾਜ ਦੇਵ ਗਿਰੀ ਨਾਂਅ ਦੇ ਮੁਲਜ਼ਮ ਨੂੰ ਰੋਕ ਕੇ ਜਦੋਂ ਉਸ ਦੇ ਬੈਗ ਦੀ ਤਲਾਸ਼ੀ ਲਈ ਤਾਂ ਉਸ ਬੈਗ 'ਚੋਂ 25 ਕਿੱਲੋ ਗਾਂਜਾ ਬਰਾਮਦ ਹੋਇਆ। ਪੁਲਿਸ ਮੁਤਾਬਕ ਉਕਤ ਮੁਲਜ਼ਮ ਛੋਟੀਆਂ-ਛੋਟੀਆਂ ਪੁੜੀਆਂ ਬਣਾ ਕੇ ਜਿਸ ਦੀ ਕੀਮਤ ਘੱਟੋ-ਘੱਟ 70 ਰੁਪਏ ਤੋਂ 100 ਰੁਪਏ ਰੱਖੀ ਗਈ ਸੀ ਮਜ਼ਦੂਰੀ ਕਰਨ ਵਾਲੇ ਲੋਕਾਂ ਨੂੰ ਮਹਿੰਗੇ ਭਾਅ 'ਤੇ ਵੇਚਦਾ ਸੀ। ਉਸ ਵਲੋਂ ਕੁਰਾਲੀ ਨੇੜਲੇ ਫੋਕਲ ਪੁਆਇੰਟ ਵਿਖੇ ਆਪਣਾ ਅੱਡਾ ਬਣਾਇਆ ਹੋਇਆ ਸੀ ਤੇ ਉਹ ਅਕਸਰ ਬੜਮਾਜਰਾ, ਬਲੌਂਗੀ ਤੇ ਜੁਝਾਰ ਨਗਰ 'ਚ ਰਹਿੰਦੇ ਪ੍ਰਵਾਸੀ ਮਜ਼ਦੂਰਾਂ ਨੂੰ ਉਕਤ ਗਾਂਜਾ ਵੇਚਦਾ ਸੀ। ਥਾਣਾ ਬਲੌਂਗੀ ਦੀ ਪੁਲਿਸ ਨੇ ਇਸ ਮਾਮਲੇ 'ਚ ਰਾਜ ਦੇਵ ਗਿਰੀ ਖ਼ਿਲਾਫ਼ ਐਨ. ਡੀ. ਪੀ. ਐਸ. ਐਕਟ ਦੇ ਤਹਿਤ 13 ਜੁਲਾਈ 2018 ਨੂੰ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ।



ਨਗਰ ਕੌਂਸਲ ਪਾਰਕ ਵਿਖੇ ਫਾਰਮੇਸੀ ਅਫ਼ਸਰ ਤੇ ਦਰਜਾ ਚਾਰ ਕਰਮਚਾਰੀ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹੋਏ। ਤਸਵੀਰ : ਜੰਡਪੁਰੀ

# ਫਾਰਮੇਸੀ ਅਫ਼ਸਰਾਂ ਤੇ ਦਰਜਾ ਚਾਰ ਕਰਮਚਾਰੀਆਂ ਵਲੋਂ ਮਰਨ ਵਰਤ ਸ਼ੁਰੂ

ਖਰੜ, 3 ਜਨਵਰੀ (ਜੰਡਪੁਰੀ)-ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਠੇਕੇਦਾਰ ਫਾਰਮੇਸੀ ਅਫ਼ਸਰਾਂ ਤੇ ਕੰਮ ਕਰਦੇ ਦਰਜਾ ਚਾਰ ਕਰਮਚਾਰੀਆਂ ਵਲੋਂ ਆਪਣੀਆਂ ਸਿਹਤ ਵਿਭਾਗ 'ਚ ਸੇਵਾਵਾਂ ਨੂੰ ਰੈਗੂਲਰ ਕਰਨ ਦੇ ਲਈ ਮਿਉਂਸੀਪਲ ਪਾਰਕ ਖਰੜ ਵਿਖੇ ਧਰਨਾ ਦਿੱਤਾ ਤੇ ਨਾਲ ਹੀ ਉਨ੍ਹਾਂ ਦੇ ਇਕ ਸਾਥੀ ਦੀਪ ਕੰਬੋਜ ਫਾਜ਼ਿਲਕਾ ਵਲੋਂ ਮਰਨ ਵਰਤ ਸ਼ੁਰੂ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਜਦੋਂ ਉਕਤ ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਸੜਕ 'ਤੇ ਜਾਮ ਕਰਨ ਦੀ ਤਿਆਰੀ ਵੀ ਸਨ ਤਾਂ ਉਨ੍ਹਾਂ ਨੂੰ ਖਰੜ ਦੇ ਐੱਸ. ਡੀ. ਐੱਮ. ਤੇ ਨਾਇਬ ਤਹਿਸੀਲਦਾਰ ਵਲੋਂ ਲਿਖਤੀ 4 ਜਨਵਰੀ ਨੂੰ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਨਾਲ ਮੀਟਿੰਗ ਸੰਬੰਧੀ ਲਿਖਤੀ ਪੱਤਰ ਦਿੱਤਾ ਗਿਆ। ਇਸ ਮੌਕੇ ਸੂਬਾ ਪ੍ਰਧਾਨ ਫਾਰਮੇਸੀ ਅਫ਼ਸਰ ਸ਼ੁਭਮ ਸ਼ਰਮਾ, ਬਿਕਰਮਜੀਤ ਸਿੰਘ ਸਠਿਆਲੀ ਪ੍ਰਧਾਨ ਰੂਰਲ ਹੈਲਥ ਫਾਰਮੇਸੀ ਅਫ਼ਸਰ ਤੇ ਸੀਨੀਅਰ ਸੂਬਾ ਵਾਇਸ ਪ੍ਰਧਾਨ ਸੁਖਵੀਰ ਸਿੰਘ ਮੋਗਾ ਨੇ ਦੱਸਿਆ ਕਿ ਸਾਡੇ ਕਰਮਚਾਰੀ ਪਿਛਲੇ ਸਾਢੇ 15 ਸਾਲ ਤੋਂ ਠੇਕੇ ਤੇ ਨਾਮਾਤਰ ਤਨਖ਼ਾਹ 'ਤੇ ਕੰਮ ਕਰਦੇ ਆ ਰਹੇ ਹਨ ਪਰ ਸਰਕਾਰ ਸਾਡੇ ਕਰਮਚਾਰੀਆਂ ਨਾਲ ਵਾਰ-ਵਾਰ ਮੀਟਿੰਗਾਂ ਕਰਦੇ ਹੋਏ ਸਾਨੂੰ ਰੈਗੂਲਰ ਕਰਨ ਸੰਬੰਧੀ ਕੋਈ ਵਿਸ਼ਵਾਸ ਦਿਵਾਉਣ 'ਚ ਸਫ਼ਲ ਨਹੀਂ ਹੋ ਰਹੀ ਜਿਸ ਕਰ ਕੇ ਸਾਡੇ ਕਰਮਚਾਰੀਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜੇਕਰ 4 ਜਨਵਰੀ ਦੀ ਮੁੱਖ ਮੰਤਰੀ ਦੇ ਪ੍ਰਿੰਸੀਪਲ ਨਾਲ ਜੋ ਮੀਟਿੰਗ ਤੈਅ ਹੋਈ ਹੈ, ਉਸ 'ਚ ਸਾਡੀਆਂ ਸੇਵਾਵਾਂ ਰੈਗੂਲਰ ਨਾ ਕੀਤੀਆਂ ਗਈਆਂ ਤਾਂ ਵੱਡਾ ਸੰਘਰਸ਼ ਉਲੀਕਿਆਂ ਜਾਵੇਗਾ। ਉਨ੍ਹਾਂ ਕਿਹਾ 4 ਜਨਵਰੀ ਨੂੰ ਜ਼ਿਲ੍ਹਾ ਹੁਸ਼ਿਆਰਪੁਰ, ਗੁਰਦਾਸਪੁਰ ਤੇ ਪਠਾਨਕੋਟ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਨਿਵਾਸ ਸਥਾਨ ਕਾਦੀਆਂ ਵਿਖੇ ਤੇ ਜ਼ਿਲ੍ਹਾ ਤਰਨਤਾਰਨ, ਜਲੰਧਰ, ਕਪੂਰਥਲਾ, ਅੰਮ੍ਰਿਤਸਰ ਤੇ ਫਿਰੋਜ਼ਪੁਰ ਉਪ ਮੁੱਖ ਮੰਤਰੀ ਅਤੇ ਸਿਹਤ ਮੰਤਰੀ ਓ. ਪੀ. ਸੋਨੀ ਦੀ ਨਿਵਾਸ ਅੱਗੇ ਤੇ ਜ਼ਿਲ੍ਹਾ ਬਠਿੰਡਾ, ਮੁਕਤਸਰ, ਮਾਨਸਾ, ਬਰਨਾਲਾ, ਫਾਜਿਲਕਾ ਅਤੇ ਮੋਗਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨਿਵਾਸ ਅੱਗੇ ਧਰਨੇ ਦੇਣਗੇ।

GOVT. OF PUNJAB
ਪੰਜਾਬ ਦੇ ਮੁੱਖ ਮੰਤਰੀ
ਚਰਨਜੀਤ ਸਿੰਘ ਚੰਨੀ
ਦੀ
ਗਤੀਸ਼ੀਲ ਅਗਵਾਈ ਹੇਠ



ਭਾਰਤ ਭੂਸ਼ਨ ਆਸ਼ੂ
ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ, ਪੰਜਾਬ
ਅਤੇ
ਗੁਰਕੀਰਤ ਸਿੰਘ ਕੋਟਲੀ
ਉਦਯੋਗ ਤੇ ਵਣਜ ਅਤੇ ਵਿਗਿਆਨ ਤੇ ਤਕਨੀਕ ਮੰਤਰੀ, ਪੰਜਾਬ
ਵੱਲੋਂ
40 ਐਮ. ਐਲ. ਡੀ.
ਕਾਮਨ ਐਫ਼ਲੈਂਟ ਟਰੀਟਮੈਂਟ ਪਲਾਂਟ
(ਫੋਕਲ ਪੁਆਇੰਟ ਮੋਡਿਊਲ)
ਦਾ ਉਦਘਾਟਨ
ਮਿਤੀ 04.01.2022, ਦਿਨ ਮੰਗਲਵਾਰ ਨੂੰ ਸਵੇਰੇ 11:00 ਵਜੇ ਤਾਜਪੁਰ ਰੋਡ, ਲੁਧਿਆਣਾ ਵਿਖੇ ਕੀਤਾ ਜਾਵੇਗਾ।
ਪ੍ਰਾਜੈਕਟ ਕੀਮਤ 84.5 ਕਰੋੜ
ਲਾਭਪਾਤਰੀ ਉਦਯੋਗ 73



ਪ੍ਰਾਜੈਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ:-
- ਵਾਤਾਵਰਣ ਵਿੱਚ ਪ੍ਰਦੂਸ਼ਣ ਦੀ ਕਮੀ
- ਉਦਯੋਗਾਂ ਨੂੰ ਅੰਦਰੂਨੀ ਟਰੀਟਮੈਂਟ ਤੋਂ ਰਾਹਤ
- ਹੁਨਰਮੰਦ ਵਿਅਕਤੀਆਂ ਵੱਲੋਂ ਕੇਂਦਰੀਕ੍ਰਿਤ ਤੇ ਬਿਹਤਰ ਟਰੀਟਮੈਂਟ
- ਟਰੀਟਮੈਂਟ ਲਈ ਪੂੰਜੀ ਅਤੇ ਸੰਚਾਲਨ ਲਾਗਤ ਵਿੱਚ ਬੱਚਤ
- ਨੇਮਬੰਦੀ ਅਦਾਰਿਆਂ ਵੱਲੋਂ ਇੱਕ ਜਗ੍ਹਾ ਤੋਂ ਨਿਗਰਾਨੀ

No:13/311/2021/12079
PUNJAB
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ, ਫੋਨ : 0175-2302392, 2200557, ਫੈਕਸ : 0175-2215636